**Series : RQ3SP** **SET~4**

**Q.P. Code 4**

Roll No. | | | | | | | | |

Candidates must write the Q.P. Code on the title page of the answer-book.

# ਪੰਜਾਬੀ

# PUNJABI

*ਸਮਾਂ ਸੀਮਾ : **3** ਘੰਟੇ* *ਪੂਰਨ ਅੰਕ : **80***

*Time allowed : **3** hours* *Maximum Marks : **80***

**ਨੋਟ :**

(I) ਕਿਰਪਾ ਕਰਕੇ ਜਾਂਚ ਕਰ ਲਵੋ ਕਿ ਇਸ ਪ੍ਰਸ਼ਨ ਪੱਤਰ ਵਿੱਚ ਛਪੇ ਹੋਏ **7** ਪੰਨੇ ਹਨ ।

(II) ਪ੍ਰਸ਼ਨ ਪੱਤਰ ਵਿੱਚ ਸੱਜੇ ਹੱਥ ਦੇ ਵੱਲ ਦਿੱਤੇ ਗਏ ਪ੍ਰਸ਼ਨ ਪੱਤਰ ਕੋਡ ਨੂੰ ਪ੍ਰੀਖਿਆਰਥੀ ਉੱਤਰ ਪੁਸਤਿਕਾ ਦੇ ਮੁੱਖ ਪੰਨੇ ਉਪਰ ਲਿਖਣ ।

(III) ਕਿਰਪਾ ਕਰਕੇ ਜਾਂਚ ਕਰ ਲਵੋ ਕਿ ਇਸ ਪ੍ਰਸ਼ਨ ਪੱਤਰ ਵਿੱਚ **12** ਪ੍ਰਸ਼ਨ ਹਨ ।

(IV) **ਕਿਰਪਾ ਕਰਕੇ ਪ੍ਰਸ਼ਨ ਦਾ ਉੱਤਰ ਲਿਖਣਾ ਸ਼ੁਰੂ ਕਰਨ ਤੋਂ ਪਹਿਲਾਂ, ਉੱਤਰ ਪੁਸਤਿਕਾ ਵਿੱਚ ਪ੍ਰਸ਼ਨ ਦਾ ਕ੍ਰਮਾਂਕ (ਸੀਰਿਅਲ ਨੰਬਰ) ਜ਼ਰੂਰ ਲਿੱਖੋ ।**

(V) ਇਸ ਪ੍ਰਸ਼ਨ ਪੱਤਰ ਨੂੰ ਪੜ੍ਹਨ ਦੇ ਲਈ 15 ਮਿੰਟ ਦਾ ਸਮਾਂ ਦਿੱਤਾ ਗਿਆ ਹੈ । ਪ੍ਰਸ਼ਨ ਪੱਤਰ ਸਵੇਰੇ 10.15 ਵਜੇ ਵੰਡੇ ਜਾਣਗੇ । 10.15 ਵਜੇ ਤੋਂ 10.30 ਵਜੇ ਤਕ ਪ੍ਰੀਖਿਆਰਥੀ ਕੇਵਲ ਪ੍ਰਸ਼ਨ ਪੱਤਰ ਨੂੰ ਪੜ੍ਹਨਗੇ ਅਤੇ ਇਸ ਸਮੇ ਵਿੱਚ ਉਹ ਉੱਤਰ ਪੁਸਤਿਕਾ ਵਿੱਚ ਕੋਈ ਉੱਤਰ ਨਹੀਂ ਲਿਖਣਗੇ ।

**NOTE :**

(I) Please check that this question paper contains **7** printed pages.

(II) Q.P. Code given on the right hand side of the question paper should be written on the title page of the answer-book by the candidate.

(III) Please check that this question paper contains **12** questions.

(IV) **Please write down the Serial Number of the question in the answer-book at the given place before attempting it.**

(V) 15 minute time has been allotted to read this question paper. The question paper will be distributed at 10.15 a.m. From 10.15 a.m. to 10.30 a.m., the candidates will read the question paper only and will not write any answer on the answer-book during this period.

***General Instructions :***

*Question paper is divided into **four** parts.*
*It has total 12 questions.*
***Part-I** : 1 Question no. 1*
***Part-II** : 2 Questions no. 2 and 3*
***Part-III** : 2 Questions no. 4 and 5*
***Part-IV** : 7 Questions no. 6 to 12*
*Attempt questions as per specific instructions.*
*Write question no. in answer-book before attempting it.*

***ਸਾਧਾਰਨ ਨਿਰਦੇਸ਼ :***

*ਪ੍ਰਸ਼ਨ ਪੱਤਰ ਵਿੱਚ ਕੁੱਲ **ਚਾਰ** ਭਾਗ ਹਨ ।*
*ਇਸ ਵਿੱਚ ਕੁੱਲ 12 ਪ੍ਰਸ਼ਨ ਹਨ ।*
***ਭਾਗ-I** : 1 ਪ੍ਰਸ਼ਨ ਨੰ. 1*
***ਭਾਗ-II** : 2 ਪ੍ਰਸ਼ਨ ਨੰ. 2 ਅਤੇ 3*
***ਭਾਗ-III** : 2 ਪ੍ਰਸ਼ਨ ਨੰ. 4 ਅਤੇ 5*
***ਭਾਗ-IV** : 7 ਪ੍ਰਸ਼ਨ ਨੰ. 6 ਤੋਂ 12 ਤੱਕ*

## ਭਾਗ-I : ਪੜ੍ਹਨ-ਕੌਸ਼ਲ
## PART-I : Reading Skills *8*

**1.** ਹੇਠ ਲਿਖੇ ਵਾਰਤਕ ਪੈਰੇ ਨੂੰ ਧਿਆਨ ਨਾਲ ਪੜ੍ਹੋ ਅਤੇ ਉਹਨਾਂ ਦੇ ਹੇਠਾਂ ਪੁੱਛੇ ਗਏ ਬਹੁ-ਵਿਕਲਪੀ ਪ੍ਰਸ਼ਨਾਂ ਦੇ ਉੱਤਰ ਉਹਨਾਂ ਵਿੱਚੋਂ ਚੁਣ ਕੇ ਲਿਖੋ : *8×1=8*

ਬੁਝਾਰਤਾਂ ਦਾ ਸਾਡੇ ਜੀਵਨ ਵਿੱਚ ਬਹੁਤ ਮਹੱਤਵ ਹੈ । ਇਹਨਾਂ ਰਾਹੀਂ ਮਨੁੱਖੀ ਮਨ ਦੀ ਸਥਿਤੀ ਦਾ ਪਤਾ ਲੱਗਦਾ ਹੈ ਕਿ ਉਹ ਕਿਸੇ ਵੀ ਸੰਕੇਤ ਜਾਂ ਇਸ਼ਾਰੇ ਨੂੰ ਕਿੱਥੋਂ ਤੱਕ ਸਮਝਣ ਦੇ ਸਮਰੱਥ ਹੈ । ਬੁਝਾਰਤਾਂ ਤੋਂ ਭਾਵ ਹੈ ਬੁੱਝਣ ਵਾਲੀਆਂ ਗੱਲਾਂ, ਜਿਸ ਵਿੱਚ ਜੀਵਨ ਦੇ ਕਿਸੇ ਇੱਕ ਪੱਖ ਨੂੰ ਸੂਤ੍ਰਿਕ ਸ਼ੈਲੀ ਵਿੱਚ ਅੜਾਉਣੀ ਦੇ ਰੂਪ ਵਿੱਚ ਪੇਸ਼ ਕੀਤਾ ਹੁੰਦਾ ਹੈ । ਬੁਝਾਰਤਾਂ ਵਿੱਚ ਇੱਕ ਛੋਟੀ ਜਿਹੀ ਘੁੰਢੀ ਰੱਖ ਕੇ, ਮਿਲਦੀ-ਜੁਲਦੀ ਚੀਜ਼ ਦਾ ਵੇਰਵਾ ਦੇ ਕੇ ਸਵਾਲ ਪੁੱਛਿਆ ਜਾਂਦਾ ਹੈ । ਇਸ ਲਈ ਇਹਨਾਂ ਨੂੰ ਬੁੱਝਣ ਵਾਲੀਆਂ ਬਾਤਾਂ ਵੀ ਕਿਹਾ ਜਾਂਦਾ ਹੈ । ਇਸ ਨਾਲ ਮਨੁੱਖ ਦੀ ਸੂਝ-ਬੂਝ ਅਤੇ ਦਿਮਾਗੀ ਚੁਸਤੀ-ਫੁਰਤੀ ਦੀ ਪਰਖ ਕੀਤੀ ਜਾਂਦੀ ਹੈ । ਜੇਕਰ ਇਸਦੇ ਸ਼ਬਦਾਂ ਨੂੰ ਧਿਆਨ ਨਾਲ ਵੇਖਿਆ ਜਾਵੇ, ਤਾਂ ਇਸ ਦਾ ਉੱਤਰ ਇਹਨਾਂ ਵਿੱਚ ਹੀ ਛੁਪਿਆ ਮਿਲ ਜਾਂਦਾ ਹੈ । ਜਿੱਥੇ ਇਹ ਲੋਕ-ਸਾਹਿਤ ਦਾ ਵੱਡਾ ਖਜਾਨਾ ਹਨ, ਉਥੇ ਇਹ ਗਿਆਨ-ਬੋਧ ਦਾ ਵੱਡਾ ਸੋਮਾ ਹਨ । ਮਨੁੱਖ ਆਪਣੇ ਜੀਵਨ ਵਿੱਚ ਆਉਣ ਵਾਲੀਆਂ ਗੁੰਝਲਾਂ ਨੂੰ ਤਾਂ ਹੀ ਖੋਲਣ ਦੇ ਸਮਰੱਥ ਹੋ ਸਕਦਾ ਹੈ ਜੇਕਰ ਉਸਨੇ ਪਹਿਲਾਂ ਬੁਝਾਰਤਾਂ ਨੂੰ ਸਮਝਣ ਅਤੇ ਬੁੱਝਣ ਵਿੱਚ ਸਮਰੱਥਾ ਪ੍ਰਾਪਤ ਕੀਤੀ ਹੋਵੇ । ਪੁਰਾਣੇ ਸਮੇਂ ਵਿੱਚ ਮਨੁੱਖ ਕੋਲ ਅੱਜ ਵਾਂਗ ਮਨੋਰੰਜਨ ਦੇ ਸਾਧਨ ਨਹੀਂ ਸਨ । ਉਸ ਸਮੇਂ ਲੋਕ ਆਮ-ਤੌਰ ਤੇ ਰਾਤ ਦਾ ਰੋਟੀ-ਟੁੱਕ ਖਾ ਕੇ ਸੌਣ ਤੋਂ ਪਹਿਲਾਂ ਬਾਤਾਂ ਪਾਉਣ ਲਈ ਮੰਜਿਆਂ 'ਤੇ ਜੁੜ ਬੈਠਦੇ ਸਨ । ਪਰਿਵਾਰਿਕ ਸਾਂਝ, ਰਿਸ਼ਤੇ-ਨਾਤੇ, ਸਮਾਜਿਕ ਆਲਾ-ਦੁਆਲਾ, ਕੰਮ-ਕਾਰ, ਬਨਸਪਤੀ, ਬ੍ਰਹਿਮੰਡ ਆਦਿ

ਵਿਸ਼ਿਆਂ ਵਿੱਚੋਂ ਬੁਝਾਰਤਾਂ ਰੂਪੀ ਸਵਾਲ ਪੁੱਛਦੇ ਸਨ । ਬੱਚੇ ਬੜੀ ਦਿਲਚਸਪੀ ਨਾਲ ਹਿੱਸਾ ਲੈਂਦੇ ਸਨ । ਇਹ ਸੋਚ-ਸ਼ਕਤੀ ਅਤੇ ਕਲਪਨਾ-ਸ਼ਕਤੀ ਦਾ ਵਿਕਾਸ ਕਰਦੀਆਂ ਹਨ । ਇਸ ਨਾਲ ਬੱਚਿਆਂ ਅਤੇ ਵੱਡਿਆਂ ਵਿੱਚ ਦੂਜਿਆਂ ਦੀ ਗੱਲ ਧਿਆਨ ਨਾਲ ਸੁਣ ਕੇ ਤਰਕ ਕਰਨ ਦੀ ਰੁਚੀ ਵਿਕਸਿਤ ਹੁੰਦੀ ਸੀ, ਦਿਮਾਗੀ ਕਸਰਤ ਵੀ ਹੁੰਦੀ ਸੀ । ਹੁਣ ਵਿਗਿਆਨਕ ਕਾਢਾਂ ਨੇ ਮਨੋਰੰਜਨ ਦੇ ਅਨੇਕਾਂ ਸਾਧਨ ਵਿਕਸਿਤ ਕਰ ਦਿੱਤੇ ਹਨ ਜਿਸ ਕਰਕੇ ਬੁਝਾਰਤਾਂ ਪਾਉਣਾ, ਸੁਨਣਾ ਅਤੇ ਬੁੱਝਣ ਦਾ ਰਿਵਾਜ਼ ਹੀ ਖਤਮ ਹੋ ਰਿਹਾ ਹੈ ।

(i) ਬੁਝਾਰਤਾਂ ਤੋਂ ਕੀ ਭਾਵ ਹੈ ?

(A) ਮਨੁੱਖੀ ਗਿਆਨ ਦੀਆਂ ਗੱਲਾਂ (B) ਬੁੱਝਣ ਵਾਲੀਆਂ ਗੱਲਾਂ

(C) ਸੋਚਣ ਵਾਲੀਆਂ ਗੱਲਾਂ (D) ਸਮਝਨ ਦੀਆਂ ਗੱਲਾਂ

(ii) ਬੁਝਾਰਤਾਂ ਵਿਚ ਕੀ ਰੱਖ ਕੇ ਸਵਾਲ ਪੁੱਛਿਆ ਜਾਂਦਾ ਹੈ ?

(A) ਬਹੁਤ ਵੱਡਾ ਦਿਲ ਰੱਖ ਕੇ (B) ਦਿਮਾਗ ਨੂੰ ਪਾਸੇ ਰੱਖ ਕੇ

(C) ਸਬਰ-ਸੰਤੋਖ ਨੂੰ ਦੂਰ ਰੱਖ ਕੇ (D) ਇੱਕ ਛੋਟੀ ਜਿਹੀ ਘੁੰਢੀ ਰੱਖ ਕੇ

(iii) ਬੁਝਾਰਤਾਂ ਦਾ ਉੱਤਰ ਕਿੱਥੇ ਛੁਪਿਆ ਹੋਇਆ ਮਿਲਦਾ ਹੈ ?

(A) ਕਿਤਾਬਾਂ ਵਿੱਚ (B) ਬਜੁਰਗਾਂ ਵਿੱਚ

(C) ਇਹਨਾਂ ਵਿੱਚ ਹੀ (D) ਬੱਚਿਆਂ ਵਿੱਚ

(iv) ਮਨੁੱਖ ਆਪਣੇ ਜੀਵਨ ਦੀਆਂ ਗੁੰਝਲਾਂ ਨੂੰ ਕਿਵੇਂ ਖੋਲਣ ਦੇ ਸਮਰੱਥ ਹੁੰਦਾ ਹੈ ?

(A) ਬੁਝਾਰਤਾਂ ਨੂੰ ਸਮਝ ਕੇ (B) ਹੱਸ-ਖੇਡ ਕੇ

(C) ਕੰਮ-ਕਾਜ ਕਰਕੇ (D) ਦੁਖੀ ਹੋ ਕੇ

(v) ਬਾਤਾਂ/ਬੁਝਾਰਤਾਂ ਪਾਉਣ ਦਾ ਸਮਾਂ ਕਿਹੜਾ ਰੱਖਿਆ ਜਾਂਦਾ ਸੀ ?

(A) ਜਾਗਣ ਤੋਂ ਪਹਿਲਾਂ (B) ਸੌਣ ਤੋਂ ਪਹਿਲਾਂ

(C) ਦੁਪਹਿਰ ਤੋਂ ਪਹਿਲਾਂ (D) ਖਾਣਾ ਖਾਣ ਤੋਂ ਪਹਿਲਾਂ

(vi) ਦਿਮਾਗੀ ਕਸਰਤ ਤੇ ਤਰਕ ਕਰਨ ਦੀ ਰੁਚੀ ਕਿਵੇਂ ਵਿਕਸਿਤ ਹੁੰਦੀ ਸੀ ?

(A) ਟੀ.ਵੀ. ਵੇਖ ਕੇ (B) ਹੱਸ-ਖੇਡ ਕੇ

(C) ਬੁਝਾਰਤਾਂ ਬੁੱਝ ਕੇ (D) ਉਦਾਸ ਰਹਿ ਕੇ

(vii) ਬੁਝਾਰਤਾਂ ਪਾਉਣ ਤੇ ਸੁਨਣ/ਬੁੱਝਣ ਦਾ ਰਿਵਾਜ਼ ਕਿਉਂ ਖਤਮ ਹੋ ਰਿਹਾ ਹੈ ?

(A) ਸਮਾਂ ਘੱਟ ਹੋਣ ਕਰਕੇ (B) ਮਨੋਰੰਜਨ ਦੇ ਅਨੇਕਾਂ ਸਾਧਨਾਂ ਕਰਕੇ

(C) ਰਿਸ਼ਤਿਆਂ ਵਿੱਚ ਪਿਆਰ ਘਟਣ ਕਰਕੇ (D) ਕੰਮਾਂ ਵਿੱਚ ਰੁੱਝੇ ਹੋਣ ਕਰਕੇ

(viii) ਪੈਰੇ ਦਾ ਢੁਕਵਾਂ ਸਿਰਲੇਖ ਹੈ

(A) ਮਨੁੱਖੀ ਵਿਕਾਸ ਦਾ ਮਹੱਤਵ (B) ਵਿਗਿਆਨ ਦੀਆਂ ਕਾਢਾਂ ਦਾ ਮਹੱਤਵ

(C) ਕਲਪਨਾ ਸ਼ਕਤੀ ਦਾ ਮਹੱਤਵ (D) ਬੁਝਾਰਤਾਂ ਦਾ ਮਹੱਤਵ

## ਭਾਗ-II : ਪ੍ਰਭਾਵਸ਼ਾਲੀ ਲਿਖਣ-ਕੌਸ਼ਲ

## PART-II : Writing Skills *8+7=15*

**2.** (a) ਤੁਹਾਡੇ ਦਾਦਾ ਜੀ ਸੀਨੀਅਰ ਸਿਟੀਜਨ ਹਨ । ਬੈਂਕ ਮੈਨੇਜਰ ਨੂੰ ਪੱਤਰ ਲਿਖ ਕੇ ਸੀਨੀਅਰ ਸਿਟੀਜਨਾਂ ਨੂੰ ਬੈਂਕ ਵੱਲੋਂ ਮਿਲਦੀਆਂ ਵਿਸ਼ੇਸ਼ ਸਹੂਲਤਾਂ ਬਾਰੇ ਜਾਣਕਾਰੀ ਪ੍ਰਾਪਤ ਕਰੋ । *8*

**ਜਾਂ (OR)**

(b) ਤੁਹਾਡੀ ਸਾਇੰਸ ਪ੍ਰੈਕਟੀਕਲ ਸਮਾਨ ਬਣਾਉਣ ਦੀ ਫੈਕਟਰੀ ਹੈ । ਕਿਸੇ ਵਪਾਰਕ ਫਰਮ ਨਾਲ ਚੰਗੇ ਸੰਬੰਧ ਪੈਦਾ ਕਰਨ ਲਈ ਆਪਣੀ ਫੈਕਟਰੀ ਵਿੱਚ ਹੁੰਦੇ ਉਤਪਾਦਨ ਅਤੇ ਉਸਦੀ ਵਿੱਕਰੀ ਲਈ ਪੱਤਰ ਲਿਖੋ । *8*

**3.** ਕਿਸੇ ਇੱਕ *(any **one**)* ਵਿਸ਼ੇ 'ਤੇ 125 ਤੋਂ 150 ਸ਼ਬਦਾਂ ਵਿੱਚ ਪੈਰਾ ਰਚਨਾ ਕਰੋ । *7*

(a) ਬਜ਼ੁਰਗਾਂ ਦੀ ਘਰ ਵਿੱਚ ਭੂਮਿਕਾ

**ਜਾਂ (OR)**

(b) ਮਿੱਠਾ ਬੋਲਣ ਦਾ ਮਹੱਤਵ

## ਭਾਗ-III : ਵਿਹਾਰਕ ਵਿਆਕਰਨ

## PART-III : Grammar *3+10=13*

**4. ਵਾਕ-ਵਟਾਂਦਰਾ :**

ਹੇਠ ਲਿਖੇ ਵਾਕਾਂ ਵਿੱਚੋਂ ਕਿਸੇ ***ਤਿੰਨ*** *(any **three**)* ਵਾਕਾਂ ਦਾ ਬ੍ਰੈਕਟ ਵਿੱਚ ਦਿੱਤੇ ਗਏ ਨਿਰਦੇਸ਼ਾਂ ਅਨੁਸਾਰ ਵਾਕ-ਵਟਾਂਦਰਾ ਕਰੋ : *3×1=3*

(i) ਸੋਹਨ ਨਸ਼ਿਆਂ ਵਿਚ ਪੈ ਗਿਆ ਅਤੇ ਕੰਗਾਲ ਹੋ ਗਿਆ । (ਸਧਾਰਨ ਵਾਕ ਬਣਾਉ)

(ii) ਤੁਸੀਂ ਕੋਈ ਸੁਹਣਾ ਜਿਹਾ ਗੀਤ ਸੁਣਾਉ । (ਪ੍ਰਸ਼ਨ ਵਾਚਕ ਵਾਕ ਬਣਾਉ)

(iii) ਤਾੜੀ ਇੱਕ ਹੱਥ ਨਾਲ ਨਹੀਂ ਵੱਜਦੀ । (ਹਾਂ ਵਾਚਕ ਵਾਕ ਬਣਾਉ)

(iv) ਮੀਂਹ ਵਿੱਚ ਨਾ ਭਿੱਜੋ । (ਕਰਮਣੀ ਵਾਚ ਵਿੱਚ ਬਦਲੋ)

**5. ਅਖਾਣ/ਅਖਾਉਤਾਂ :**

ਹੇਠ ਦਿੱਤੇ ਗਏ ਅਖਾਣਾਂ ਵਿਚੋਂ ਕਿਸੇ ***ਪੰਜ*** *(any **five**)* ਅਖਾਣਾਂ ਨੂੰ ਇਸ ਤਰ੍ਹਾਂ ਵਾਕਾਂ ਵਿੱਚ ਵਰਤੋਂ ਕਿ ਉਹਨਾਂ ਦੀ ਸਥਿਤੀ ਸਪੱਸ਼ਟ ਹੋ ਜਾਵੇ : *5×2=10*

(i) ਖਿੱਦੋ ਫਰੋਲਿਆਂ ਲੀਰਾਂ ਹੀ ਨਿਕਲਨੀਆਂ ਹਨ

(ii) ਕੁੱਤੇ ਭੌਂਕਦੇ ਰਹਿੰਦੇ ਹਨ, ਹਾਥੀ ਲੰਘ ਜਾਂਦੇ ਹਨ

(iii) ਖ਼ਰਬੂਜ਼ੇ ਨੂੰ ਵੇਖ ਕੇ ਖ਼ਰਬੂਜ਼ਾ ਰੰਗ ਫੜਦਾ ਹੈ

(iv) ਨਵਾਂ ਨੌਂ ਦਿਨ ਪੁਰਾਣਾ ਸੌ ਦਿਨ

(v) ਇੱਕ ਅਨਾਰ ਸੌ ਬਿਮਾਰ

(vi) ਘੜੇ ਨੂੰ ਹੱਥ ਲਾਇਆ, ਸਾਰਾ ਟੱਬਰ ਤਿਹਾਇਆ

## ਭਾਗ-IV : ਸਾਹਿਤ (ਪਾਠ-ਪੁਸਤਕਾਂ 'ਤੇ ਅਧਾਰਿਤ ਪ੍ਰਸ਼ਨ)

## PART–IV : Text-Book Based Questions *8+4+6+5+8+5+8=44*

**ਕਵਿਤਾਵਾਂ ਵਿੱਚੋਂ :**

**6.** ਹੇਠ ਦਿੱਤੀਆਂ ਗਈਆਂ ਕਾਵਿ-ਟੁਕੜੀਆਂ ਵਿੱਚੋਂ ਕਿਸੇ ***ਇੱਕ*** *(any **one**)* ਦੀ ਪ੍ਰਸੰਗ ਸਹਿਤ ਵਿਆਖਿਆ ਕਰੋ : *3+5=8*

(a) ਚਸ਼ਮੇ, ਨਾਲੇ, ਨਦੀਆਂ, ਝੀਲਾਂ, ਨਿੱਕੇ ਜਿਵੇਂ ਸਮੁੰਦਰ ।
ਠੰਢੀਆਂ ਛਾਂਵਾਂ, ਮਿੱਠੀਆਂ ਹਵਾਵਾਂ, ਬਨ ਬਾਗ਼ਾਂ ਜਿਹੇ ਸੁੰਦਰ ।
ਬਰਫਾਂ, ਮੀਂਹ, ਧੁੱਪਾਂ ਤੇ ਬੱਦਲ, ਰੁੱਤਾਂ ਮੇਵੇ ਪਯਾਰੇ ।
ਅਰਸ਼ੀਂ ਨਾਲ਼ ਨਜ਼ਾਰੇ ਆਏ, ਉਸ ਮੁੱਠੀ ਵਿੱਚ ਸਾਰੇ ।

**ਜਾਂ (OR)**

(b) ਮੇਰੀ ਵਾਰੀ ਪੱਤਿਆਂ ਦੀ, ਪੰਡ ਸਿੱਲ੍ਹੀ ਹੋ ਗਈ,
ਮਿੱਟੀ ਦੀ ਕੜਾਹੀ ਤੇਰੀ, ਕਾਹਨੂੰ ਪਿੱਲੀ ਹੋ ਗਈ,
ਤੇਰੇ ਸੇਕ ਨੂੰ ਕੀ ਵੱਜਿਆ ਦੁਗਾੜਾ
ਨੀਂ ਪੀੜਾਂ ਦਾ ਪਰਾਗਾ ਭੁੰਨ ਦੇ, ਭੱਠੀ ਵਾਲੀਏ ।

**7.** ਹੇਠ ਲਿਖੇ ਬਹੁ-ਵਿਕਲਪੀ ਪ੍ਰਸ਼ਨਾਂ ਦੇ ਸਹੀ ਉੱਤਰ ਚੁਣ ਕੇ ਲਿਖੋ : *4×1=4*

(i) 'ਮੇਰਾ ਬਚਪਨ' ਕਵਿੱਤਾ ਵਿੱਚ ਮਾਂ ਪੁੱਤਰ ਦੀ ਛੇਤੀ ਕੀ ਹੋਣ ਦੀ ਇੱਛਾ ਰੱਖਦੀ ਹੈ ?

(A) ਅਮੀਰ (B) ਗਭਰੂ
(C) ਸਿਹਤਮੰਦ (D) ਹੁਸ਼ਿਆਰ

(ii) 'ਚੁੰਮ-ਚੁੰਮ ਰੱਖੋ' ਰਚਨਾ ਵਿੱਚ ਕਿਸਦੇ ਮਨ ਦੇ ਭਾਵ ਅਤੇ ਵਲਵਲੇ ਬਿਆਨ ਕੀਤੇ ਗਏ ਹਨ ?

(A) ਸਾਹਿਬਜ਼ਾਦਿਆਂ ਦੇ (B) ਗੁਰੂ ਜੀ ਦੇ
(C) ਮਾਤਾ ਜੀ ਦੇ (D) ਸੰਗਤਾਂ ਦੇ

(iii) ਕਿਹੜੀ ਧਰਤੀ ਦੇ ਨਜ਼ਾਰਿਆਂ ਤੇ ਅਰਸ਼ੀ ਰਮਜ਼ ਹੈ ?

(A) ਉਤਰਾਖੰਡ ਦੀ (B) ਨਾਗਾਲੈਂਡ ਦੀ
(C) ਕਸ਼ਮੀਰ ਦੀ (D) ਹਰਿਆਣਾ ਦੀ

(iv) 'ਤਾਜ ਮਹਿਲ' ਕਿਸ ਨਦੀ ਦੇ ਕਿਨਾਰੇ ਬਣਿਆ ਹੋਇਆ ਹੈ ?

(A) ਗੰਗਾ ਨਦੀ ਦੇ (B) ਜਮਨਾ ਨਦੀ ਦੇ
(C) ਰਾਵੀ ਨਦੀ ਦੇ (D) ਸਰਸਵਤੀ ਨਦੀ ਦੇ

**ਕਹਾਣੀਆਂ ਵਿੱਚੋਂ :**

**8.** (a) 'ਮਾੜਾ ਬੰਦਾ' ਕਹਾਣੀ ਦੇ ਅਧਾਰ 'ਤੇ ਕਹਾਣੀ ਦੇ ਪਾਤਰ ਰਿਕਸ਼ੇ ਵਾਲੇ ਦਾ ਪਾਤਰ-ਚਿਤਰਨ 125 ਤੋਂ 150 ਸ਼ਬਦਾਂ ਵਿਚ ਕਰੋ । *6*

**ਜਾਂ (OR)**

(b) 'ਸਾਂਝ' ਕਹਾਣੀ ਦਾ ਵਿਸ਼ਾ-ਵਸਤੂ 125 ਤੋਂ 150 ਸ਼ਬਦਾਂ ਵਿਚ ਲਿਖੋ । *6*

**9.** ਹੇਠ ਲਿਖੇ ਬਹੁ-ਵਿਕਲਪੀ ਪ੍ਰਸ਼ਨਾਂ ਦੇ ਸਹੀ ਉੱਤਰ ਚੁਣ ਕੇ ਲਿਖੋ : *5×1=5*

(i) 'ਮਾੜਾ ਬੰਦਾ' ਕਹਾਣੀ ਵਿੱਚ ਲੇਖਕ ਦੀ ਪਤਨੀ ਕਿਸ ਦੀ ਵਕੀਲ ਬਣੀ ਬੈਠੀ ਸੀ ?

(A) ਗਵਾਲੇ ਦੀ (B) ਰਿਕਸ਼ੇ ਵਾਲੇ ਦੀ

(C) ਆਪਣੇ ਪਤੀ ਦੀ (D) ਚੀਰੇ ਵਾਲੇ ਦੀ

(ii) 'ਜੀਤੋ' ਕਿਹੜੀ ਕਹਾਣੀ ਦੀ ਪਾਤਰ ਹੈ ?

(A) ਸਾਂਝ (B) ਨੀਲੀ

(C) ਘਰ ਜਾ ਆਪਣੇ (D) ਮਾੜਾ ਬੰਦਾ

(iii) 'ਗਵਾਲੇ' ਦਾ ਚਰਿੱਤਰ ਕਿਹੋ ਜਿਹਾ ਸੀ ?

(A) ਲਾਲਚ ਭਰਿਆ (B) ਦਿਆਲੂ

(C) ਹਮਦਰਦੀ ਵਾਲਾ (D) ਮਜਾਕੀਆ

(iv) ਲੇਖਕ ਕਿਸਨੂੰ ਚਿੱਠੀ ਲਿਖ ਰਿਹਾ ਸੀ ?

(A) ਪਿਤਾ ਜੀ ਨੂੰ (B) ਚਾਚੇ ਦੇ ਪੁੱਤ ਨੂੰ

(C) ਭੂਆ ਦੇ ਪੁੱਤ ਨੂੰ (D) ਮਾਮੇ ਦੇ ਪੁੱਤ ਨੂੰ

(v) ਪ੍ਰੋਫ਼ੈਸਰ ਮਲਹੋਤਰਾ ਦੀ ਜੇਬ ਵਿੱਚ ਕਿੰਨੇ ਪੈਸੇ ਸਨ ?

(A) ਵੀਹ ਪੈਸੇ (B) ਤੀਹ ਪੈਸੇ

(C) ਚਾਲੀ ਪੈਸੇ (D) ਪੰਜਾਹ ਪੈਸੇ

**10.** ਹੇਠ ਦਿੱਤੇ ਪ੍ਰਸ਼ਨਾਂ ਵਿੱਚੋਂ ਕਿਸੇ ***ਚਾਰ*** *(any **four**)* ਪ੍ਰਸ਼ਨਾਂ ਦੇ ਉੱਤਰ 25 ਤੋਂ 30 ਸ਼ਬਦਾਂ ਵਿਚ ਲਿਖੋ : *4×2=8*

(i) ਲੇਖਕ ਦੀ ਪਤਨੀ ਰਿਕਸ਼ੇ ਵਾਲੇ ਨਾਲ ਕਿਵੇਂ ਸਮਝੌਤੇ ਦਾ ਰਾਹ ਲੱਭ ਰਹੀ ਸੀ ?

(ii) ਜੇਠ ਦੀ ਧੁੱਪ ਕਾਰਨ ਸੜਕ ਦੀ ਹਾਲਤ ਕਿਹੋ ਜਿਹੀ ਸੀ ?

(iii) ਜੀਤੋ ਦੇ ਵੀਰ ਨੇ ਹਾਰਮੋਨੀਅਮ ਵਾਲੇ ਗਵੱਈਏ ਨੂੰ ਗੀਤ ਗਾਉਣ ਤੋਂ ਕਿਉਂ ਰੋਕਿਆ ?

(iv) ਅਖੀਰ ਵਿਚ ਲਾਲ ਚੀਰੇ ਵਾਲੇ ਨੇ ਬੁੱਢੀ ਔਰਤ ਦੀ ਮਦਦ ਕਿਵੇਂ ਕੀਤੀ ?

(v) ਜੀਤੋ ਦੇ ਵਿਆਹ ਕਾਰਨ ਘਰ ਦਾ ਮਹੌਲ ਕਿਹੋ ਜਿਹਾ ਸੀ ?

## ਪੰਜਾਬੀ ਸਭਿਆਚਾਰ ਦੀ ਜਾਣ-ਪਛਾਣ : *5+8=13*

**11.** ਹੇਠ ਲਿਖੇ ਬਹੁ-ਵਿਕਲਪੀ ਪ੍ਰਸ਼ਨਾਂ ਦੇ ਸਹੀ ਉੱਤਰ ਚੁਣ ਕੇ ਲਿਖੋ : *5×1=5*

(i) ਤੀਆਂ ਦਾ ਤਿਉਹਾਰ ਕਿਹੜੇ ਮਹੀਨੇ ਆਉਂਦਾ ਹੈ ?

(A) ਭਾਦੋਂ ਦੇ ਮਹੀਨੇ (B) ਜੇਠ ਦੇ ਮਹੀਨੇ

(C) ਹਾੜ੍ਹ ਦੇ ਮਹੀਨੇ (D) ਸਾਵਨ ਦੇ ਮਹੀਨੇ

(ii) ਪਾਣੀ ਕਿਸ ਚੀਜ਼ ਦਾ ਚਿੰਨ੍ਹ ਹੈ ?

(A) ਬਚਾਅ ਦਾ (B) ਸ਼ੁੱਧਤਾ ਦਾ

(C) ਪੀਣ ਦਾ (D) ਚੜ੍ਹਾਵੇ ਦਾ

(iii) ਮੁਰਦੇ ਦੀ ਖੋਪਰੀ ਠਕੋਰਨ ਨੂੰ ਕੀ ਕਹਿੰਦੇ ਹਨ ?

(A) ਕਪਾਲ ਕ੍ਰਿਆ (B) ਫੁੱਲ ਚੁਗਨਾ

(C) ਰਸਮ ਪਗੜੀ (D) ਫੁੱਲ ਤਾਰਨੇ

(iv) ਪੰਜਾਬ ਦੇ ਗਭਰੂ ਆਪਣੇ ਸਰੀਰਾਂ ਨੂੰ ਸ਼ਕਤੀਸ਼ਾਲੀ ਬਨਾਉਣ ਲਈ ਕਿੱਥੋਂ ਉਤਸ਼ਾਹ ਪ੍ਰਾਪਤ ਕਰਦੇ ਹਨ ?

(A) ਮੇਲਿਆਂ ਤੋਂ (B) ਪੰਚਾਇਤਾਂ ਤੋਂ

(C) ਲੋਕ-ਖੇਡਾਂ ਤੋਂ (D) ਸੁਪਨਿਆਂ ਤੋਂ

(v) ਛਪਾਰ ਦਾ ਮੇਲਾ ਕਿਸ ਦੀ ਯਾਦ ਵਿੱਚ ਲੱਗਦਾ ਹੈ ?

(A) ਦੇਵੀ ਮਾਤਾ ਦੀ (B) ਪੀਰਾਂ ਫਕੀਰਾਂ ਦੀ

(C) ਸਾਧੂਆਂ ਦੀ (D) ਗੁੱਗੇ ਦੀ

**12.** ਹੇਠ ਦਿੱਤੇ ਪ੍ਰਸ਼ਨਾਂ ਵਿਚੋਂ ਕਿਸੇ ***ਦੋ*** *(any **two**)* ਪ੍ਰਸ਼ਨਾਂ ਦੇ ਉੱਤਰ 70 ਤੋਂ 80 ਸ਼ਬਦਾਂ ਵਿਚ ਲਿਖੋ : *2×4=8*

(i) ਪੰਜਾਬ ਦੀਆਂ ਲੋਕ-ਖੇਡਾਂ ਦੀ ਸੰਭਾਲ ਅਤੇ ਇਹਨਾਂ ਨੂੰ ਮੁੜ ਸੁਰਜੀਤ ਕਰਨਾ ਅਤਿਅੰਤ ਜਰੂਰੀ ਕਿਉਂ ਹੈ ?

(ii) ਪੰਜਾਬ ਵਿਚ ਜੀਵ ਦੇ ਜਨਮ ਨਾਲ ਸਬੰਧਿਤ ਕਿਹੜੇ-ਕਿਹੜੇ ਰਸਮ-ਰਿਵਾਜ਼ ਹਨ ?

(iii) ਦੇਵੀ ਮਾਤਾ ਦੇ ਮੇਲਿਆਂ ਦੀ ਪਿਛੋਕੜ ਕੀ ਹੈ ? ਦੇਵੀ ਮਾਤਾ ਨਾਲ ਸਬੰਧਿਤ ਕਿਸੇ ਇੱਕ ਮੇਲੇ ਬਾਰੇ ਨੋਟ ਲਿਖੋ ।